# ਪੇਂਟਿੰਗ ਅਤੇ ਸਜਾਵਟ

## ਮੀਂਹ ਦੇ ਪਾਣੀ ਦੇ ਪ੍ਰਦੂਸ਼ਣ ਤੋਂ ਬਚਾਅ ਕਰਕੇ ਆਪਣੇ ਜਲ ਜੀਵੀ ਵਾਤਾਵਰਣ ਦੀ ਰਾਖੀ ਕਰੋ





ਮੀਂਹ ਦੇ ਪਾਣੀ ਦੀਆਂ ਨਾਲੀਆਂ ਦੇ ਨਿਸ਼ਾਨ ਸਾਨੂੰ ਯਾਦ ਦਿਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨਾਲ ਜੁੜੇ ਹੋਏ ਹਾਂ।

## ਤਰਲ ਪਦਾਰਥ ਡੁੱਲਣ ਤੋਂ ਬਚਾਉਣੇ

ਜੇਕਰ ਪੇਂਟ ਜਾਂ ਸੌਲਵੈਂਟ ਡੁੱਲ੍ਹ ਜਾਵੇ ਤਾਂ ਉਸਨੂੰ ਤੁਰੰਤ ਸਾਫ ਕਰਨਾ ਚਾਹੀਦਾ ਹੈ।ਉਸਨੂੰ ਫੈਲਣ ਨਾ ਦੇਵੋ ਤਾਂ ਜੋ ਉਸਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ।ਜਦੋਂ ਪੇਂਟ ਵਾਲੇ ਪਾਣੀ ਮੀਂਹ ਦੇ ਪਾਣੀ ਦੀਆਂ ਨਾਲੀਆਂ ਜਾਂ ਵਾਤਾਵਰਣ ਵਿੱਚ ਦਾਖਲ ਹੋ ਜਾਂਦੇ ਹਨ ਤਾਂ ਪੇਂਟ ਦੇ ਰੰਗ ਦਿਖਾਈ ਦਿੰਦੇ ਰਹਿੰਦੇ ਹਨ ਅਤੇ ਉਹਨਾਂ ਦੇ ਸੋਮੇ ਦਾ ਆਸਾਨੀ ਨਾਲ ਪਤਾ ਲਗਾਇਆ ਜਾ ਸਕਦਾ ਹੈ। ਪੇਂਟ ਨੂੰ ਘੋਲਣ ਵਾਲੇ ਅਤੇ ਪਤਲਾ ਕਰਨ ਵਾਲੇ ਰਸਾਇਣਾਂ ਨੂੰ ਅੱਗ ਲੱਗ ਸਕਦੀ ਹੈ ਅਤੇ ਉਹ ਸਾਡੇ ਸੀਵਰੇਜ ਸਿਸਟਮ ਵਿੱਚ ਧਮਾਕੇ ਵਾਲੇ ਹਾਲਾਤ ਪੈਦਾ ਕਰ ਸਕਦੇ ਹਨ ਅਤੇ ਉਹਨਾਂ ਨੂੰ ਕਦੇ ਵੀ ਕਿਸੇ ਵੀ ਸੀਵਰੇਜ ਜਾਂ ਨਾਲੀਆਂ ਵਿੱਚ ਦਾਖਲ ਨਹੀਂ ਹੋਣ ਦੇਣਾ ਚਾਹੀਦਾ।

ਕਿਸੇ ਚੀਜ਼ ਦੇ ਗਲਤੀ ਨਾਲ ਵਾਤਾਵਰਣ ਵਿੱਚ ਡੁੱਲ ਜਾਣ ਦੀ ਸੂਰਤ ਵਿੱਚ ਤੁਰੰਤ **ਪ੍ਰਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (PEP)** ਨਾਲ **1.800.663.3456** ਤੇ ਸੰਪਰਕ ਕਰੋ। ਜੇਕਰ ਰਸਾਇਣ ਨੂੰ ਅੱਗ ਲੱਗ ਸਕਦੀ ਹੋਵੇ, ਉਹ ਜ਼ਹਿਰੀਲਾ ਜਾਂ ਖੋਰਨ ਵਾਲਾ ਹੋਵੇ, ਜਾਂ ਹੋਰ ਤਰਾਂ ਹਾਨੀਕਾਰਕ ਹੋਵੇ ਤਾਂ ਤੁਰੰਤ **ਸਰੀ ਫਾਇਰ ਡਿਪਾਰਟਮੈਂਟ** ਨਾਲ **911** ਤੇ ਫੋਨ ਕਰੋ।

ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਵਿਅਕਤੀ ਨੂੰ ਹੇਠ ਲਿਖੇ ਵਾਤਾਵਰਣ ਕਾਨੂੰਨ ਦੇ ਅਧੀਨ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ:

- ਫੈਡਰਲ ਫਿਸਰੀਜ਼ ਐਕਟ
- ਬੀ ਸੀ ਹੈਜ਼ਾਰਡਸ ਵੇਸਟ ਰੈਗੂਲੇਸ਼ਨ
- ਬੀ ਸੀ ਇਨਵਾਇਰਨਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਈ-ਲਾਅ ਨੰ. 16610

## ਵਧੇਰੇ ਜਾਣਕਾਰੀ ਲਈ

ਆਰ ਸੀ ਬੀ ਸੀ ਰੀਸਾਈਕਲਿੰਗ ਹੌਟਲਾਈਨ
604.732.9253


ਪ੍ਰੋਡਕਟ ਕੇਅਰ ਐਸੋਸੀਏਸ਼ਨ
604.592.2972
www.productcare.org

ਸਿਟੀ ਆਫ ਸਰੀ
ਡਰੇਨੇਜ ਐਂਡ ਇਨਵਾਇਰਨਮੈਂਟ ਸੈਕਸ਼ਨ
604.591.4321

ਸਰੀ ਫਾਇਰ ਡਿਪਾਰਟਮੈਂਟ
604.543.6760

ਬੀ ਸੀ ਮਨਿਸਟਰੀ ਆਫ ਇਨਵਾਇਰਨਮੈਂਟ
604.582.5200

ਜੇ ਤੁਸੀਂ ਡੁੱਲੇ ਹੋਏ ਤੇਲ ਜਾਂ ਰਸਾਇਣਾਂ ਨੂੰ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਵਗਦੇ ਵੇਖੋ ਤਾਂ ਕ੍ਰਿਪਾ ਕਰਕੇ ਸਿਟੀ ਆਫ ਸਰੀ ਦੇ ਇੰਜਨੀਅਰਿੰਗ ਵਿਭਾਗ ਨਾਲ ਇਹਨਾਂ ਨੰਬਰਾਂ ਤੇ ਸੰਪਰਕ ਕਰੋ:
604.590.7226, after 4:30pm at 604.591.4431.



09256

www.surrey.ca

CITY OF SURREY

# ਪੇਂਟਿੰਗ

ਪੇਂਟਿੰਗ ਅਤੇ ਡੈਕੋਰੇਸ਼ਨ ਕੰਮਾਂ ਵਿੱਚ ਅਜੇਹੀਆਂ ਚੀਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਹਨਾਂ ਦੀ ਰਹਿੰਦ ਖੂੰਹਦ ਵਾਤਾਵਰਣ ਲਈ ਨੁਕਸਾਨਦਾਇਕ ਹੋ ਸਕਦੀ ਹੈ। ਪੇਂਟ, ਥਿਨਰਜ਼, ਅਡਹੈਸਿਵ ਅਤੇ ਪੇਂਟ ਉਤਾਰਨ ਵਾਲੀਆਂ ਚੀਜ਼ਾਂ ਵਿੱਚ ਹਾਨੀਕਾਰਕ ਰਸਾਇਣ ਅਤੇ ਅੱਗ ਲੱਗਣ ਵਾਲੇ, ਖੋਰਨ ਵਾਲੇ ਜਾਂ ਜ਼ਹਿਰੀਲੇ ਫਾਲਤੂ ਪਦਾਰਥ ਹੁੰਦੇ ਹਨ ਜਿਹੜੇ ਸਾਰੇ ਮੱਛੀਆਂ ਅਤੇ ਪਾਣੀ ਅੰਦਰ ਜੀਵਾਂ ਦੇ ਵਾਤਾਵਰਣ ਲਈ ਨੁਕਸਾਨਦਾਇਕ ਹਨ।ਜਦੋਂ ਇਹਨਾਂ ਵਸਤਾਂ ਜਾਂ ਇਹਨਾਂ ਦੀ ਵਰਤੋਂ ਲਈ ਵਰਤੇ ਗਏ ਸਾਜ਼ੋ ਸਮਾਨ ਨੂੰ ਧੋਣ ਤੋਂ ਬਾਅਦ ਉਸ ਪਾਣੀ ਨੂੰ ਖਾਈਆਂ, ਗਲੀਆਂ, ਪਾਰਕਿੰਗ ਲਾਟ ਜਾਂ ਹੋਰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਡੋਲ੍ਹਿਆ ਜਾਂਦਾ ਹੈ ਤਾਂ ਉਹ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਚਲੇ ਜਾਂਦੇ ਹਨ।

ਸਰੀ ਵਿੱਚ, ਮੀਂਹ ਦੇ ਪਾਣੀ ਦੀਆਂ ਨਾਲੀਆਂ ਬਿਨਾਂ ਸਾਫ ਕੀਤੇ ਪਾਣੀ ਨੂੰ ਨਦੀਆਂ ਨਾਲਿਆਂ ਵਿੱਚ ਪਾਉਂਦੀਆਂ ਹਨ।ਸਰੀ ਵਿੱਚ ਖੁੱਲ੍ਹੇ ਨਦੀਆਂ ਨਾਲਿਆਂ ਦੀ ਲੰਬਾਈ 1500 ਕਿਲੋਮੀਟਰ ਤੋਂ ਜ਼ਿਆਦਾ ਹੈ।ਇਹ ਨਦੀ ਨਾਲੇ ਪਾਣੀ ਦੇ ਵਹਾਅ ਦਾ ਇੱਕ ਮਹੱਤਵਪੂਰਣ ਸਾਧਨ ਹਨ ਜਿਹੜੇ ਸੈਮਨ, ਟਰਾਊਟ ਅਤੇ ਪਾਣੀ ਵਿੱਚ ਰਹਿਣ ਵਾਲੇ ਹੋਰ ਜੀਵਾਂ ਲਈ ਕੁਦਰਤੀ ਰਿਹਾਇਸ਼ ਪ੍ਰਦਾਨ ਕਰਦੇ ਹਨ।



# ਕੀ ਤੁਹਾਨੂੰ ਪਤਾ ਹੈ

ਤੁਸੀਂ ਸੌਲਵੈਂਟ ਅਤੇ ਥਿਨਰ ਨੂੰ ਦੁਬਾਰਾ ਵਰਤ ਸਕਦੇ ਹੋ: ਵਰਤੇ ਹੋਏ ਥਿਨਰ ਜਾਂ ਸੌਲਵੈਂਟ ਨੂੰ ਇੱਕ ਪਾਸੇ ਇੱਕ ਬੰਦ ਜਾਰ ਵਿੱਚ ਰੱਖੋ ਤਾਂ ਜੋ ਪੇਂਟ ਦੇ ਅੰਸ਼ ਹੇਠਾਂ ਬੈਠ ਜਾਣ।ਸਾਫ ਤਰਲ ਨੂੰ ਬਾਹਰ ਕੱਢ ਲਵੋ ਜਿਸਨੂੰ ਤੁਸੀਂ ਦੁਬਾਰਾ ਵਰਤ ਸਕਦੇ ਹੋ। ਠੋਸ ਚੀਜ਼ਾਂ ਨੂੰ ਸਖਤ ਹੋ ਜਾਣ ਤੇ ਗਾਰਬੇਜ ਵਿੱਚ ਰੱਖ ਦੇਵੋ।

ਦੁਬਾਰਾ ਨਾ ਵਰਤੇ ਜਾ ਸਕਣ ਵਾਲੇ ਲੇਟੈਕਸ ਪੇਂਟ ਨੂੰ ਕੰਕਰੀਟ ਦੀਆਂ ਚੀਜ਼ਾਂ ਬਣਾਉਣ ਲਈ ਕੱਚੇ ਮਾਲ ਦੇ ਤੌਰ ਤੇ ਵਰਤਿਆ ਜਾਂਦਾ ਹੈ। ਨਾ ਵਰਤਣਯੋਗ ਤੇਲ ਵਾਲੇ ਪੇਂਟ ਦਾ ਜਾਂ ਤਾਂ ਇਸਦੇ ਘੁਲਣ ਵਾਲੇ ਅੰਸ਼ ਲਈ ਦੁਬਾਰਾ ਅਰਕ ਕੱਢਿਆ ਜਾਂਦਾ ਹੈ ਜਾਂ ਊਰਜਾ ਪ੍ਰਾਪਤ ਕਰਨ ਲਈ ਬਦਲਵੇਂ ਤੇਲ ਦੇ ਤੌਰ ਤੇ ਵਰਤਿਆ ਜਾਂਦਾ ਹੈ।

# ਕੰਮ ਦੇ ਸਭ ਤੋਂ ਚੰਗੇ ਢੰਗ

ਪ੍ਰਦੂਸ਼ਣ ਫੈਲਾਉਣ ਵਾਲੀਆਂ ਚੀਜ਼ਾਂ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਅਤੇ ਅੰਤ ਵਿੱਚ ਨਦੀਆਂ ਅਤੇ ਨਾਲਿਆਂ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਕ੍ਰਿਪਾ ਕਰਕੇ ਹੇਠਾਂ ਦੱਸੇ ਢੰਗ ਵਰਤੋ:

- ਤੇਜ਼ ਪਾਣੀ ਨਾਲ ਪੇਂਟ ਆਦਿ ਉਤਾਰਨ ਜਾਂ ਇਮਾਰਤਾਂ ਦੇ ਬਾਹਰਲੇ ਹਿੱਸੇ ਦੀ ਸਫਾਈ ਦੌਰਾਨ ਗੰਦੇ ਹੋਏ ਪਾਣੀ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਜਾਣ ਤੋਂ ਰੋਕ।
- ਸਾਜ਼ੋ ਸਮਾਨ ਦੀ ਸਫਾਈ ਲਈ ਵਰਤੇ ਗਏ ਸਾਰੇ ਪਾਣੀ, ਘੋਲ ਅਤੇ ਸੌਲਵੈਂਟ ਨੂੰ ਇਕੱਠਾ ਕਰਕੇ ਮੁੜ ਤੋਂ ਵਰਤੋ, ਰੀਸਾਈਕਲ ਕਰੋ ਜਾਂ ਸਹੀ ਤਰੀਕੇ ਨਾਲ ਨਸ਼ਟ ਕਰੋ।ਕਿਸੇ ਡਿਸਪੋਜ਼ਲ ਕੰਪਨੀ ਨਾਲ ਸੰਪਰਕ ਕਰੋ ਜਿਹੜੀ ਇਹਨਾਂ ਨੂੰ ਸਹੀ ਢੰਗ ਨਾਲ ਨਸ਼ਟ ਜਾਂ ਰੀਸਾਈਕਲ ਕਰੇਗੀ।
- ਜਦੋਂ ਵੀ ਸੰਭਵ ਹੋਵੇ, ਪਾਣੀ ਵਾਲੇ ਪੇਂਟ ਦੀ ਵਰਤੋਂ ਕਰੋ। ਲੇਬਲ ਉੱਪਰ “ਲੇਟੈਕਸ” ਜਾਂ “ਕਲੀਨ-ਅੱਪ ਵਿਦ ਵਾਟਰ” ਸ਼ਬਦ ਵੇਖੋ।ਇਹ ਪੇਂਟ ਤੇਲ ਵਾਲੇ ਪੇਂਟ ਨਾਲੋਂ ਘੱਟ ਨੁਕ-ਸਾਨਦਾਇਕ ਹੁੰਦੇ ਹਨ ਅਤੇ ਇਹਨਾਂ ਨੂੰ ਸਾਫ ਕਰਨ ਲਈ ਸੌਲਵੈਂਟ ਦੀ ਲੋੜ ਨਹੀਂ ਹੁੰਦੀ।
- ਬਾਕੀ ਬਚੇ ਪੇਂਟ ਨੂੰ ਮੀਂਹ ਦੇ ਪਾਣੀ ਦੀਆਂ ਨਾਲੀਆਂ ਜਾਂ ਸੀਵਰੇਜ ਵਿੱਚ ਦਾਖਲ ਹੋਣ ਤੋਂ ਲਾਜ਼ਮੀ ਰੋਕਣਾ ਚਾਹੀਦਾ ਹੈ ਅਤੇ ਇਸ-ਨੂੰ ਗਾਰਬੇਜ ਵਿੱਚ ਨਹੀਂ ਰੱਖਿਆ ਜਾ ਸਕਦਾ।ਬਾਕੀ ਬਚੇ ਪੇਂਟ ਨੂੰ ਅਗਲੇ ਕੰਮ ਤੇ ਵਰਤੋ, ਕਿਸੇ ਲੋਕ ਭਲਾਈ ਸੰਸਥਾ ਨੂੰ ਵਰਤਣ ਲਈ ਦੇਵੋ ਜਾਂ ਸਭ ਤੋਂ ਨੇੜੇ ਦੇ ਪੇਂਟ ਕੁਲੈਕਸ਼ਨ ਡਿਪੂ ਲਈ ਪ੍ਰੋਡਕਟ ਕੇਅਰ ਐਸੋਸੀਏਸ਼ਨ ਜਾਂ ਆਰ ਸੀ ਬੀ ਸੀ ਰੀਸਾਈਕਲਿੰਗ ਹਾਟਲ-ਾਈਨ ਨਾਲ ਸੰਪਰਕ ਕਰੋ।
- ਰਸਾਇਣਕ ਜਾਂ ਮਸ਼ੀਨੀ ਢੰਗ ਨਾਲ ਉਤਾਰੇ ਗਏ ਪੇਂਟ ਦੀ ਰਹਿੰਦ ਖੂੰਹਦ, ਪੇਂਟ, ਪੇਂਟ ਦੇ ਟੁਕੜੇ ਅਤੇ ਪੇਂਟ ਦੀ ਧੂੜ, ਜਿਹਨਾਂ ਵਿੱਚ ਲੈੱਡ, ਪਾਰਾ, ਟ੍ਰਿਬੂਟਾਈਲਟਿਨ ਜਾਂ ਹੋਰ ਨੁਕਸਾਨਦਾਇਕ ਜਾਂ ਜ਼ਮੀਨ ਵਿੱਚ ਜਜ਼ਬ ਹੋਣ ਵਾਲੇ ਰਸਾਇਣ ਹੋਣ, ਨੂੰ ਇਨਵਾਇਰਨਮੈਂਟਲ ਮੈਨੇਜਮੈਂਟ ਐਕਟ ਹੇਠ “ਸਪੈਸ਼ਲ ਵੇਸਟ” ਗਿਣਿਆ ਜਾ ਸਕਦਾ ਹੈ ਅਤੇ ਉਹਨਾਂ ਨੂੰ ਖਾਸ ਤਰੀਕੇ ਨਾਲ ਨਸ਼ਟ ਕਰਨ ਦੀ ਲੋੜ ਹੋ ਸਕਦੀ ਹੈ।ਨਸ਼ਟ ਕਰਨ ਦੀਆਂ ਲੋੜਾਂ ਲਈ ਬੀ ਸੀ ਮਨਿਸਟਰੀ ਆਫ ਇਨਵਾਇਰਨਮੈਂਟ ਨਾਲ ਸੰਪਰਕ ਕਰੋ।
- ਬੁਰਸ਼ਾਂ ਜਾਂ ਪੇਂਟ ਦੇ ਡੱਬਿਆਂ ਨੂੰ ਕਦੇ ਵੀ ਗਲੀ, ਗਟਰ ਜਾਂ ਮੀਂਹ ਦੇ ਪਾਣੀ ਦੀ ਨਾਲੀ ਵਿੱਚ ਨਾ ਧੋਵੋ।
- ਪਾਣੀ ਵਾਲੇ ਪੇਂਟ ਲਈ, ਬੁਰਸ਼ਾਂ ਵਿਚਲੇ ਪੇਂਟ ਨੂੰ ਵੱਧ ਤੋਂ ਵੱਧ ਹੱਦ ਤੱਕ ਵਰਤ ਕੇ ਮੁਕਾ ਦੇਵੋ ਅਤੇ ਬਾਅਦ ਵਿੱਚ ਅਜੇਹੀ ਥਾਂ ਤੇ ਧੋਵੇ ਜਿਹੜੀ ਸੈਨੀਟਰੀ ਸੀਵਰੇਜ ਨਾਲ ਜੁੜੀ ਹੋਈ ਹੋਵੇ।
- ਤੇਲ ਵਾਲੇ ਪੇਂਟ ਲਈ, ਬੁਰਸ਼ਾਂ ਵਿਚਲੇ ਪੇਂਟ ਨੂੰ ਵੱਧ ਤੋਂ ਵੱਧ ਹੱਦ ਤੱਕ ਵਰਤ ਕੇ ਮੁਕਾ ਦੇਵੋ, ਥਿਨਰ ਅਤੇ ਸੌਲਵੈਂਟ ਨੂੰ ਫਿਲਟਰ ਕਰੋ ਅਤੇ ਦੁਬਾਰਾ ਵਰਤੋ।ਵਾਧੂ ਤਰਲ ਪਦਾਰਥਾਂ ਅਤੇ ਰਹਿੰਦ ਖੂੰਹਦ ਨੂੰ ਨੁਕਸਾਨਦਾਇਕ ਵੇਸਟ ਸਮਝ ਕੇ ਨਸ਼ਟ ਕਰੋ।
- ਯਕੀਨੀ ਬਣਾਓ ਕਿ ਸਾਰੇ ਮੁਲਾਜ਼ਮ ਜਾਣਦੇ ਹਨ ਕਿ ਮੀਂਹ ਦੇ ਪਾਣੀ ਦੀਆਂ ਨਾਲੀਆਂ ਵਿੱਚ ਪ੍ਰਦੂਸ਼ਣ ਨੂੰ ਰੋਕਣ ਲਈ ਉਹਨਾਂ ਦੀ ਅਹਿਮ ਭੂਮਿਕਾ ਹੈ।